## ਡਾਇਰੈਰਕਟੋਰੇਟ ਸਿਹਤ ਤੇ ਪਰਿਵਾਰ ਭਲਾਈ, ਪੰਜਾਬ,
## ਪਰਿਵਾਰ ਕਲਿਆਣ ਭਵਨ, ਸੈਕਟਰ 34 ਚੰਡੀਗੜ੍ਹ।
## (ਸਟੋਰ ਪ੍ਰਚੇਜ ਸ਼ਾਖਾ)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ, ਪਰਿਵਾਰ ਕਲਿਆਣ ਭਵਨ, ਸੈਕਟਰ 34 ਏ, ਚੰਡੀਗੜ੍ਹ ਲਈ ਚਾਹ, ਕਾਫੀ ਅਤੇ ਖਾਣੇ ਦੇ ਠੇਕੇ ਲਈ ਇਸ ਦਫਤਰ ਦੇ ਗਰਾਊਡ ਫਲੋਰ ਤੇ ਕੰਟੀਨ ਖੋਲ੍ਹਣ ਦੀ ਬੋਲੀ ਮਿਤੀ 15-12-2010 ਨੂੰ ਸ਼ਾਮ 2:30 ਵਜੇ ਇਸ ਦਫਤਰ ਵਿਖੇ ਕਮਰਾ ਨੰ. 505 ਵਿੱਚ ਕੀਤੀ ਜਾਵੇਗੀ। ਇਹ ਠੇਕਾ ਇੱਕ ਸਾਲ ਲਈ ਮਿਤੀ 20-12-2010 ਤੋਂ 19-12-2011 ਤੱਕ ਹੋਵੇਗਾ।

ਬੋਲੀਕਾਰ ਨੂੰ ਬੋਲੀ ਵਿੱਚ ਹਿੱਸਾ ਲੈਣ ਤੋਂ ਪਹਿਲਾ 40,000/- ਰੁ: (ਕੇਵਲ ਚਾਲੀ ਹਜਾਰ ਰੁਪਏ) ਦਾ ਡਰਾਫਟ ਜਮ੍ਹਾਂ ਕਰਵਾਉਣਾ ਪਵੇਗਾ, ਜੋ ਬੋਲੀ ਮਨਜੂਰ ਨਾ ਹੋਣ ਦੀ ਸੂਰਤ ਵਿੱਚ ਵਾਪਿਸ ਕਰ ਦਿੱਤਾ ਜਾਵੇਗਾ। ਜਿਸ ਵਿਆਕਤੀ ਦੀ ਬੋਲੀ ਮਨਜੂਰ ਹੋਵੇਗੀ, ਉਸ ਵੱਲੋਂ ਬਤੌਰ ਡਰਾਫਟ ਦਿੱਤੀ ਰਕਮ 40,000/- ਰੁ: ਦਾ ਡਰਾਫਟ ਜਮਾਨਤ ਵਜੋਂ ਜਮ੍ਹਾਂ ਕਰ ਲਿਆ ਜਾਵੇਗਾ। ਬੋਲੀ 60,000/- ਰੁ: ਤੋ ਸੁਰੂ ਕੀਤੀ ਜਾਵੇਗੀ।

ਬੋਲੀ ਦੇਣ ਵਾਲੇ ਠੇਕੇਦਾਰ/ਵਿਆਕਤੀ ਬੋਲੀ ਦੀ ਰਕਮ ਦਾ 50 ਪ੍ਰਤੀਸ਼ਤ ਮੌਕੇ ਤੇ ਹੀ ਅਤੇ ਬਾਕੀ 50 ਪ੍ਰਤੀਸ਼ਤ ਹਿੱਸਾ 5 ਕਿਸ਼ਤਾ ਵਿੱਚ ਕਰਵਾਉਣਾ ਹੋਵੇਗਾ । ਬਾਕੀ ਦੀਆਂ ਸ਼ਰਤਾਂ ਡਾਇਰੈਕਟੋਰੇਟ ਦੀ ਵੈਬਸਾਇਟ www.pbhealth.gov.in ਤੇ ਵੇਖਿਆ ਜਾ ਸਕਦੀਆ ਹਨ। ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਨੂੰ ਬੋਲੀ ਨੂੰ ਬਿਨਾ ਕਾਰਨ ਦੱਸੇ ਰੱਦ ਕਰਨ ਜਾਂ ਠੇਕੇਦਾਰ ਵਲੋਂ ਸ਼ਰਤਾ ਪੂਰੀਆ ਨਾ ਕਰਨ ਦੀ ਹਾਲਤ ਵਿੱਚ ਠੇਕੇ ਨੂੰ ਕਿਸੇ ਵੀ ਸਮੇ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਕਮੇਟੀ ਵੱਲੋਂ ਪ੍ਰਵਾਨਿਤ ਰੇਟਾ ਅਤੇ ਸ਼ਰਤਾਂ ਵੈਬਸਾਇਟ www.pbhealth.gov.in ਤੇ ਵੇਖਿਆਂ ਜਾ ਸਕਦੀਆ ਹਨ।

ਵਾ: ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।

# ਰੇਟ ਅਤੇ ਸ਼ਰਤਾਂ

| | | |
|---|---|---|
| 1. | ਖਾਣਾ (ਰੋਟੀ, ਦਹੀ, ਦਾਲ, ਸਬਜੀ) | 25/-ਰੁ: ਪ੍ਰਤੀ ਖਾਣਾ |
| 2. | ਕਾਫੀ ਪਲਾਂਟ ਵਾਲੀ | 7/-ਰੁ: ਪ੍ਰਤੀ ਕੱਪ |
| 3. | ਚਾਹ ਪਲਾਂਟ ਵਾਲੀ (ਡਿਪਵਾਲੀ) | 5/-ਰੁ: ਪ੍ਰਤੀ ਕੱਪ |
| 4. | ਚਾਹ ਸਾਦੀ (ਆਰਡੀਨਰੀ) | 4/-ਰੁ: ਪ੍ਰਤੀ ਕੱਪ |
| 5. | 70 ਗ੍ਰਾਮ ਸਮੋਸਾ | 5/-ਰੁ: ਪ੍ਰਤੀ ਪੀਸ |
| 6. | ਬਰੈਡਪੀਸ ਆਲੂ ਸਟੱਫਡ | 5/-ਰੁ: ਪ੍ਰਤੀ ਪੀਸ |
| 7. | 30ਗ੍ਰਾਮ ਬੇਸਣ ਦੀ ਬਰਫੀ | 3/-ਰੁ: ਪ੍ਰਤੀ ਪੀਸ |
| 8. | ਕੋਲਡ ਡਰਿੰਕ ਵੱਡਾ (ਕੰਪਨੀ ਦੇ ਪ੍ਰਿੰਟਿਡ ਰੇਟ ਤੇ) | 10/-ਰੁ: |
| 9. | ਕੋਲਡ ਡਰਿੰਕ ਛੋਟਾ (ਕੰਪਨੀ ਦੇ ਪ੍ਰਿੰਟਿਡ ਰੇਟ ਤੇ) | 6/-ਰੁ: |
| 10. | ਦਹੀ ਲੱਸੀ ਮਿੱਠੀ 200 ਗ੍ਰਾਮ ਦਹੀ | 12/-ਰੁ: |
| 11. | ਵੈਜੀਟੇਬਲ ਪੈਟੀਜ਼ | 5/-ਰੁ: |
| 12. | ਬਿਸਕੁਟ | ਐਮ.ਆਰ.ਪੀ. ਅਨੁਸਾਰ |
| 13. | ਦੋ ਅੰਡਿਆ ਦੀ ਭੁਜੀ | 10/-ਰੁ: ਪ੍ਰਤੀ ਪਲੇਟ |
| 14. | ਮੰਗੀ ਨਊਡਲ | 15/-ਰੁ: ਪ੍ਰਤੀ ਪਲੇਟ |

ਸ਼ਰਤਾਂ:-

1. ਇਸ ਤੋ ਇਲਾਵਾ 30-35 ਵਿਅਕਤੀਆਂ ਦਾ ਬੈਠਣ ਲਈ ਵਧੀਆਂ ਪ੍ਰਬੰਧ ਠੇਕੇਦਾਰ ਵਲੋ ਕੀਤਾ ਜਾਵੇਗਾ। ਠੇਕੇਦਾਰ ਦਾ ਫਰਨੀਚਰ ਆਪਣਾ ਹੋਵੇਗਾ (ਬੋਲੀ ਦੇ ਟਾਈਮ ਤੇ ਫਰਨੀਚਰ ਹੋਣ ਦਾ ਸਬੂਤ ਨਾਲ ਲੈ ਕੇ ਆਵੇਗਾ, ਨਹੀ ਤਾਂ ਵਿਚਾਰਿਆ ਨਹੀ ਜਾਵੇਗਾ।
2. ਰੇਟ ਲਿਸਟ ਪ੍ਰਿੰਟ ਕਰਵਾ ਕੇ ਠੇਕੇਦਾਰ ਵਲੋ ਦੋ ਥਾਵਾਂ ਤੇ ਲਗਾਈ ਜਾਵੇਗੀ ।
3. ਕੰਟੀਨ ਦੀ ਬੋਲੀ 60,000/-ਰੁ: ਤੋ ਸ਼ੁਰੂ ਕੀਤੀ ਜਾਵੇਗੀ ।
4. ਕੰਟੀਨ ਦੀ ਸਕਿਊਰਟੀ 40,000/-ਰੁ: ਹੋਵੇਗੀ, ਜੋ ਕਿ ਡਰਾਫਟ ਰਾਂਹੀ ਇਸ ਦਫਤਰ ਵਿਖੇ ਕੰਟੀਨ ਦਾ ਡਰਾਅ ਨਿਕਲਣ ਤੋ ਪਹਿਲਾ ਜਮ੍ਹਾਂ ਕਰਵਾਉਣਾ ਹੋਵੇਗਾ। ਪ੍ਰੰਤੂ ਕੰਟੀਨ ਵਿੱਚ ਬਿਜਲੀ ਨਾਲ ਚਲਣ ਵਾਲੀ ਇਲੈਕਟ੍ਰਿਕ ਭੱਟੀ ਅਤੇ ਹੀਟਰ ਦੀ ਵਰਤੋ ਨਹੀ ਕੀਤੀ ਜਾਵੇਗੀ, ਸਿਰਫ ਲਾਈਟਾਂ, ਪੱਖੇ, ਕੂਲਰ ਅਤੇ ਫਰਿੱਜ ਦੀ ਹੀ ਵਰਤੋ ਕੀਤੀ ਜਾਵੇਗੀ ।
5. ਇਸ ਦਫਤਰ ਦੀ ਪੰਜ ਮੈਬਰੀ ਕਮੇਟੀ ਵੱਲੋ ਕਿਸੇ ਟਾਈਮ ਵੀ ਚੈਕ ਕਰਨ ਉਪਰੰਤ ਜੇਕਰ ਕੁਆਲਿਟੀ ਵਧੀਆ ਨਾ ਹੋਈ ਤਾਂ ਕੰਟੀਨ ਕੈਸਲ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ ।

6. ਕੰਟੀਨ ਦੀ ਬੋਲੀ ਫਾਈਨਲ ਹੋਣ ਉਪਰੰਤ ਬੋਲੀ ਦੀ ਰਕਮ ਦਾ ਅੱਧਾ ਹਿੱਸਾ ਤੁਰੰਤ ਜਮ੍ਹਾ ਕਰਵਾਇਆ ਜਾਵੇਗਾ। ਜਮ੍ਹਾ ਨਾ ਕਰਵਾਉਣ ਦੀ ਸੂਰਤ ਵਿੱਚ ਦੁਬਾਰਾ ਬੋਲੀ ਕਰਵਾ ਕੇ ਕੰਟੀਨ ਉਸ ਵਿਅਕਤੀ ਨੂੰ ਦੇ ਦਿੱਤੀ ਜਾਵੇਗੀ। ਬਾਕੀ ਪੇਮੈਂਟ 3 ਕਿਸ਼ਤਾ ਵਿੱਚ ਜਮ੍ਹਾਂ ਕਰਵਾਈ ਜਾਵੇ।

7. ਬਿਜਲੀ ਦਾ ਬਿਲ 750/-ਰੁ: ਪ੍ਰਤੀ ਮਹੀਨਾ ਅਤੇ ਪਾਣੀ ਦਾ ਬਿਲ 250/-ਰੁ: ਪ੍ਰਤੀ ਮਹੀਨਾ ਹੋਵੇਗਾ ।

8. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਜੀ ਨੂੰ ਕਿਸੇ ਵੀ ਸਮੇ ਬੋਲੀ ਕੈਂਸਲ ਕਰਨ ਦਾ ਅਧਿਕਾਰ ਹੋਵੇਗਾ ਅਤੇ ਫਾਈਨਲ ਬੋਲੀ ਨੂੰ ਮੰਨਣ ਜਾਂ ਨਾ-ਮੰਨਣ ਦਾ ਅਧਿਕਾਰੀ ਉਨ੍ਹਾਂ ਪਾਸ ਹੋਵੇਗਾ ।

9. ਕੰਟੀਨ ਵਿੱਚ ਲੱਗੇ ਸੈਡ ਕੰਟੀਨ ਮਾਲਕ ਦੇ ਹਨ। ਇਹ ਸੈਡ ਬਗੈਰਾ ਦਾ ਪ੍ਰਬੰਧ ਨਵੇ ਬੋਲੀਕਾਰ/ਠੇਕੇਦਾਰ ਨੂੰ ਕਰਨਾ ਪਵੇਗਾ ।

10. ਕੰਟੀਨ ਸਬੰਧੀ ਸਾਰੇ ਸਮਾਨ ਦਾ ਪ੍ਰਬੰਧ ਬੋਲੀਕਾਰ/ਠੇਕੇਦਾਰ ਦਾ ਹੋਵੇਗਾ ।

11. ਕੰਟੀਨ ਵਿੱਚ ਜਿੰਨੇ ਵੀ ਵੇਟਰ ਰੱਖੇ ਜਾਣਗੇ, ਉਨ੍ਹਾਂ ਦਾ ਮੈਡੀਕਲ ਸਰਟੀਫਿਕੇਟ ਹੋਣਾ ਚਾਹੀਦਾ ਹੈ।